USDA ਫਾਰਮ ਸਰਿਵਸ ਏਜੰਸੀ
ਅਮਰੀਕੀ ਖੇਤੀਬਾੜੀ ਵਿਭਾਗ

# ਪ੍ਰੋਗਰਾਮ ਤੱਕ ਪਹੁੰਚ ਅਤੇ ਖੇਤੀਬਾੜੀ ਲਈ ਕਰਿਜ਼ਆਂ ਦੇ ਨਿਯਮ ਦੀ ਡਿਲੀਵਰੀ ਨੂੰ ਬਿਹਤਰ ਬਣਾਉਣਾ

ਅਗਸਤ 2024



## ਸਮੀਖਿਆ

ਫਾਰਮ ਸਰਵਿਸ ਏਜੰਸੀ (FSA) ਅਮਰੀਕਾ ਦੇ ਕਿਸਾਨਾਂ ਅਤੇ ਰੈਂਚਰਾਂ ਨੂੰ ਕਾਮਯਾਬ ਹੋਣ ਵਿੱਚ ਮਦਦ ਕਰਨ ਲਈ ਵਚਨਬੱਧ ਹੈ। ਅਗਸਤ 2024 ਵਿੱਚ, FSA ਨੇ ਖੇਤੀਬਾੜੀ ਕਰਨ ਲਈ ਕਰਜ਼ਿਆਂ ਦੇ ਪ੍ਰੋਗਰਾਮ ਵਿੱਚ ਸੰਸ਼ੋਧਨਾਂ ਦੀ ਘੋਸ਼ਣਾ ਕੀਤੀ ਜੋ ਕਿਸਾਨਾਂ ਅਤੇ ਰੈਂਚਰਾਂ ਲਈ ਉਧਾਰ ਲੈਣ ਤੱਕ ਪਹੁੰਚਣ, ਆਪਣੇ ਆਰਥਿਕ ਉਦੇਸ਼ਾਂ ਨੂੰ ਪੂਰਾ ਕਰਨ, ਅਣਕਿਆਸਿਆਂ ਅਸਫਲਤਾਵਾਂ ਤੇ ਕਾਬੂ ਪਾਉਣ, ਅਤੇ ਆਪਣੇ ਭਵਿੱਖ ਲਈ ਹੋਰ ਆਸਾਨੀ ਨਾਲ ਯੋਜਨਾ ਬਣਾਉਣ ਦੇ ਮੌਕਿਆਂ ਨੂੰ ਵਧਾਉਂਦੇ ਹਨ। ਇਹ ਸੰਸ਼ੋਧਨ, ਖੇਤੀਬਾੜੀ ਲਈ ਕਰਜ਼ਿਆਂ ਦੇ ਨਿਯਮ ਤੱਕ ਪਹੁੰਚ ਅਤੇ ਡਿਲੀਵਰੀ ਨੂੰ ਬਿਹਤਰ ਬਣਾਉਣ ਦੇ ਹਿੱਸੇ ਵਜੋਂ, ਉਤਪਾਦਕਾਂ ਨੂੰ ਆਰਥਿਕ ਆਜ਼ਾਦੀ ਅਤੇ ਆਪਣੀ ਮੁਨਾਫ਼ੇ ਅਤੇ ਮੁੜ ਵਸੇਬੇ ਵਿੱਚ ਸੁਧਾਰ ਕਰਨ ਦਾ ਲਚੀਲਾਪਨ ਪ੍ਰਦਾਨ ਕਰਦੇ ਹਨ।

## ਧਿਆਨ ਦੇਣ ਯੋਗ ਨੀਤੀ ਬਦਲਾਵ

ਨਿਯਮ ਵਿੱਚ ਤਿੰਨ ਧਿਆਨ ਦੇਣ ਯੋਗ ਬਦਲਾਵ ਆਵੇਦਕਾਂ ਨੂੰ ਵਾਪਸੀ ਭੁਗਤਾਨ ਦੀਆਂ ਲਚਕਦਾਰ ਸ਼ਰਤਾਂ ਤੱਕ ਪਹੁੰਚ, ਬੰਧਕ ਰੱਖਣ ਸੰਬੰਧੀ ਵਾਧੂ ਜ਼ਰੂਰਤਾਂ ਨੂੰ ਘਟਾਉਣਾ, ਅਤੇ ਆਰਥਿਕ ਤੌਰ 'ਤੇ ਪਰੇਸ਼ਾਨ ਕਰਜ਼ਦਾਰਾਂ ਲਈ ਘੱਟ ਵਿਆਜ ਵਾਲੀ ਕਿਸ਼ਤ ਵਾਲਾ ਇੱਕ ਨਵਾਂ ਵਿਨਿਯੋਜਨ ਪ੍ਰੋਗਰਾਮ ਸਥਾਪਿਤ ਕਰਨਾ।

1. **ਵਾਪਸੀ ਭੁਗਤਾਨ ਦੀਆਂ ਲਚਕਦਾਰ ਸ਼ਰਤਾਂ ਦੇ ਨਾਲ ਵਿੱਤੀ ਬਚਤ ਕਰਨ ਨੂੰ ਸਹਾਇਤਾ ਦੇਣਾ** ਸਾਰੇ ਗਾਹਕ ਇੱਕ ਅਜਿਹੀ ਵਪਾਰਕ ਯੋਜਨਾ ਬਨਾਉਣ ਲਈ FSA ਨਾਲ ਮਿਲ ਕੇ ਕੰਮ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਐਮਰਜੈਂਸੀਆਂ ਵੇਲੇ ਲਈ, ਰਿਟਾਇਰਮੈਂਟ, ਸਿੱਖਿਆ, ਅਤੇ ਪੂੰਜੀ ਨਿਵੇਸ਼ ਲਈ ਬਚਤ ਕਰਨ ਵਿੱਚ ਸਹਾਇਤਾ ਕਰੇ। ਇਹ ਪੱਕਾ ਕਰਨ ਲਈ ਕਿ ਬਚਤ ਸੰਬੰਧੀ ਜ਼ਰੂਰਤਾਂ ਪੂਰੀਆਂ ਹੋ ਸਕਣ, FSA ਆਵੇਦਕਾਂ ਨੂੰ ਵਾਪਸੀ ਭੁਗਤਾਨ ਦੀਆਂ ਲਚਕਦਾਰ ਸ਼ਰਤਾਂ ਦੀ ਪੇਸ਼ਕਸ਼ ਕਰ ਰਹੀ ਹੈ, ਜਿਸ ਵਿੱਚ ਸਿਰਫ਼ ਵਿਆਜ ਵਾਲੇ ਛੋਟੇ ਭੁਗਤਾਨ, ਅਤੇ ਕਰਜ਼ੇ ਦੀ ਲੰਬੀ ਮਿਆਦ ਸ਼ਾਮਲ ਹੈ ਜਿਸ ਨਾਲ ਭੁਗਤਾਨ ਕਰਨ ਲਈ ਜ਼ਿਆਦਾ ਸਮਾਂ ਮਿਲਦਾ ਹੈ।

2. **ਬੰਧਕ ਰੱਖਣ ਸੰਬੰਧੀ ਜ਼ਰੂਰਤਾਂ ਨੂੰ ਘਟਾਉਣਾ** ਪ੍ਰਤੱਖ ਕਰਜ਼ਿਆਂ ਲਈ ਬੰਧਕ ਰੱਖਣ ਸੰਬੰਧੀ ਵਾਧੂ ਜ਼ਰੂਰਤਾਂ ਨੂੰ ਕਰਜ਼ੇ ਦੀ ਰਕਮ ਦੇ 150% ਦੇ ਬਰਾਬਰ ਉਪਲਬਧ ਸੁਰੱਖਿਆ ਹੋਣ ਦੀ ਜ਼ਰੂਰਤ ਤੋਂ ਘਟਾ ਕੇ 125% ਕਰ ਦਿੱਤਾ ਗਿਆ ਹੈ। ਇਸ ਨਾਲ ਕਰਜ਼ਾ ਲੈਣ ਵਾਲੇ ਆਪਣੇ ਖੇਤ ਜਾਂ ਰੈਂਚ ਦੇ ਵਿਕਾਸ ਨੂੰ ਤੇਜ਼ ਕਰਨ ਲਈ ਦੂਜੇ ਰਿਣਦਾਤਿਆਂ ਤੋਂ ਪੂੰਜੀ ਲੈਣ ਦੇ ਕਾਬਲ ਹੋਣਗੇ। FSA ਇਸ ਜ਼ਰੂਰਤ ਨੂੰ ਵੀ ਹਟਾ ਰਿਹਾ ਹੈ ਕਿ ਆਵੇਦਕ ਕਿਸੇ ਨਵੇਂ ਕਰਜ਼ੇ ਲਈ ਆਪਣੀ ਮੁੱਖ ਰਿਹਾਇਸ਼ ਨੂੰ ਵਾਧੂ ਬੰਧਕ ਦੇ ਤੌਰ ਤੇ ਰੱਖਣ। ਨਾਲ ਹੀ, ਸਮੇਂ ਤੇ ਭੁਗਤਾਨ ਕਰਨ ਦੇ ਇਤਿਹਾਸ ਨੂੰ ਪੱਕਾ ਕਰਨ ਤੋਂ ਬਾਅਦ, FSA ਮੂਲ ਰੂਪ ਵਿੱਚ ਕਰਜ਼ਦਾਰ ਦੁਆਰਾ ਵਾਧੂ ਸੁਰੱਖਿਆ ਦੇ ਤੌਰ 'ਤੇ ਰੱਖੇ ਗਏ ਬੰਧਕ ਤੋਂ ਅਧਿਕਾਰਾਂ (ਲੀਅਨਜ਼) ਨੂੰ ਸਮਾਪਤ ਕਰ ਦੇਵੇਗਾ।

3. **ਆਰਥਿਕ ਤੌਰ 'ਤੇ ਪਰੇਸ਼ਾਨ ਕਰਜ਼ਦਾਰਾਂ ਲਈ ਵਿਨਿਯੋਜਨ ਪ੍ਰੋਗਰਾਮ ਸਥਾਪਿਤ ਕਰਨਾ** ਆਰਥਿਕ ਤੌਰ 'ਤੇ ਪਰੇਸ਼ਾਨ ਕਰਜ਼ਦਾਰ ਹਰੇਕ ਮੌਜੂਦਾ ਕਰਜ਼ੇ ਲਈ ਇੱਕ ਸਾਲਾਨਾ ਕਰਜ ਦੀ ਕਿਸ਼ਤ ਨੂੰ ਇੱਕ ਘਟਾਈ ਗਈ ਵਿਆਜ ਦਰ ਤੇ ਮੁਲਤਵੀ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ FSA ਦੇ ਮੌਜੂਦਾ ਕਰਜ਼ੇ ਦੀ ਸੇਵਾ ਦੇ ਵਿਕਲਪਾਂ ਤੋਂ ਬਾਹਰ ਵੀ ਆਰਥਿਕ ਪਰੇਸ਼ਾਨੀ ਦਾ ਸਮਾਧਾਨ ਕਰਨ ਦਾ ਇੱਕ ਆਸਾਨ ਅਤੇ ਤੇਜ਼ ਵਿਕਲਪ ਪ੍ਰਾਪਤ ਹੋਵੇਗਾ। ਇਹ ਕੁਦਰਤੀ ਆਪਦਾ ਲਈ ਵਿਨਿਯੋਜਨ ਪ੍ਰੋਗਰਾਮ ਵਾਂਗ ਹੀ ਹੈ, ਲੇਕਿਨ ਕਰਜ਼ਦਾਰ ਦਾ ਪਹਿਲਾਂ ਕਿਸੀ ਘੋਸ਼ਿਤ ਕੀਤੀ ਗਈ ਕੁਦਰਤੀ ਆਪਦਾ ਦੁਆਰਾ ਪ੍ਰਭਾਵਿਤ ਹੋਣਾ ਜ਼ਰੂਰੀ ਨਹੀਂ ਹੈ।



### ਹੋਰ ਅੱਪਡੇਟਸ

ਖੇਤੀਬਾੜੀ ਲਈ ਕਰਜ਼ੇ ਦੇ ਪ੍ਰੋਗਰਾਮ ਵਿੱਚ ਹੋਰ ਵੀ ਜ਼ਰੂਰੀ ਅੱਪਡੇਟ ਕੀਤੇ ਜਾ ਰਹੇ ਹਨ, ਜਿਸ ਵਿੱਚ ਕਰਜ਼ੇ ਲਈ ਯੋਗਤਾ ਨੂੰ ਵਿਸਤ੍ਰਿਤ ਕਰਨ, ਪੁਰਾਣੇ ਖੇਤੀ ਦੇ ਅਨੁਭਵ ਸੰਬੰਧੀ ਜ਼ਰੂਰਤਾਂ ਨੂੰ ਸੁਚਾਰੂ ਬਣਾਉਣ, ਐਮਰਜੈਂਸੀ ਵੇਲੇ ਕਰਜ਼ੇ ਤੱਕ ਪਹੁੰਚ ਦਾ ਵਿਸਤਾਰ, ਅਤੇ ਪ੍ਰਤੱਖ ਕਰਜ਼ਾ ਸੁਰੱਖਿਆ ਬਾਰੇ ਵਾਧੂ ਲਚਕਤਾਵਾਂ ਵਿੱਚ ਬਦਲਾਵ ਕਰਨਾ ਸ਼ਾਮਲ ਹਨ।

ਨਿਯਮ ਵਿੱਚ ਇਹ ਸਾਰੇ ਬਦਲਾਵ 25 ਸਤੰਬਰ, 2025 ਤੋਂ ਪ੍ਰਭਾਵੀ ਹੋਣਗੇ, ਅਤੇ ਇਨ੍ਹਾਂ ਦਾ ਵੇਰਵਾ ਪ੍ਰੋਗਰਾਮ ਤੱਕ ਪਹੁੰਚ ਅਤੇ ਖੇਤੀਬਾੜੀ ਲਈ ਕਰਜ਼ਿਆਂ ਲਈ ਨਿਯਮ ਦੀ ਡਿਲੀਵਰੀ ਨੂੰ ਬਿਹਤਰ ਬਣਾਉਣ ਦੇ ਅੰਦਰ-ਅੰਦਰ ਸੰਘੀ ਰਜਿਸਟਰ ਵਿੱਚ ਦਿੱਤਾ ਜਾਏਗਾ।

ਆਪਣੀ ਖਾਸ ਸਥਿਤੀ ਲਈ ਕਰਜ਼ੇ ਬਾਰੇ ਮਦਦ ਪ੍ਰਾਪਤ ਕਰਨ ਲਈ, ਆਪਣੇ ਸਥਾਨਕ ਸੇਵਾ ਕੇਂਦਰ ਨਾਲ ਸੰਪਰਕ ਕਰੋ ਜਾਂ ਫਾਰਮ ਲੋਨ ਟੂਲ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਨ ਲਈ farmers.gov/loans 'ਤੇ ਜਾਓ।